# ਬਜ਼ੁਰਗਾਂ ਦੀ ਗਿਣਤੀ ਨੌਜੁਆਨਾਂ ਨਾਲੋਂ ਵੱਧ ਰਹੀ ਹੈ !



ਕਈ ਕਾਰਨਾਂ ਕਰ ਕੇ, ਵੱਡੀ ਉਮਰ ਵਾਲੇ ਮਨੁੱਖਾਂ ਦੀ ਜੀਵਨ-ਡੋਰ ਲੰਮੀ ਹੁੰਦੀ ਜਾ ਰਹੀ ਹੈ ਤੇ ਦੁਨੀਆਂ ਭਰ ਵਿਚ ਹੀ ਬਜ਼ੁਰਗ ਲੋਕ, ਲੰਮੀ ਉਮਰ ਭੋਗਣ ਵਿਚ ਸਫ਼ਲ ਹੋ ਰਹੇ ਹਨ। ਪਹਿਲਾਂ 60 ਸਾਲ ਦੇ ਨੇੜੇ ਪੁਜਿਆ ਮਨੁੱਖ, ਕਬਰ ਵਿਚ ਲੱਤਾਂ ਲਟਕਾਈ ਬੈਠਾ ਪ੍ਰਤੀਤ ਹੋਇਆ ਕਰਦਾ ਸੀ ਤੇ ਬੀਮਾਰ ਪੈ ਜਾਣ ਤੇ, ਉਸ ਦਾ ਇਲਾਜ ਵੀ ਨਹੀਂ ਸੀ ਕਰਵਾਇਆ ਜਾਂਦਾ। ਘਰ ਦੇ ਹੀ ਕਹਿ ਦਿਆ ਕਰਦੇ ਸਨ, "ਤੇਰੀ ਉਮਰ ਹੁਣ ਅਗਲੇ ਜਹਾਨ ਦੀ ਤਿਆਰੀ ਕਰਨ ਦੀ ਹੈ। ਦਵਾਈਆਂ, ਫਲਾਂ ਅਤੇ ਚੰਗੀ ਖ਼ੁਰਾਕ ਨਾਲ ਤੂੰ ਮੌਤ ਨੂੰ ਤਾਂ ਟਾਲ ਨਹੀਂ ਸਕਦਾ, ਕੰਮਕਾਰ ਕਰਦੇ ਨੌਜੁਆਨਾਂ ਤੇ ਬੱਚਿਆਂ ਦਾ ਹਿੱਸਾ ਕਾਹਨੂੰ ਅਪਣੇ ਉਤੇ ਖ਼ਰਚ ਕਰ ਕੇ ਖ਼ਰਾਬ ਕਰਦੈਂ?" ਇਸ ਤਰ੍ਹਾਂ ਮਾਮੂਲੀ ਖ਼ਰਚੇ ਨਾਲ, ਚੰਗਾ ਜੀਵਨ ਜੀਅ ਸਕਣ ਵਾਲੇ ਬਜ਼ੁਰਗ ਨੂੰ ਵੀ ਟਿਕਣ ਨਹੀਂ ਸੀ ਦਿਤਾ ਜਾਂਦਾ ਤੇ ਹਰ ਰੋਜ਼ ਇਹੀ ਸੁਣਾਇਆ ਜਾਂਦਾ ਸੀ ਕਿ ਉਹ ਹੁਣ ਅਗਲੇ ਜਹਾਨ ਦੀ ਸੋਚੇ ਤੇ ਪੈਸੇ ਖ਼ਰਾਬ ਨਾ ਕਰੇ।

ਪਰ ਸਮਾਂ ਬਦਲ ਗਿਆ ਹੈ। ਹੁਣ ਕਾਨੂੰਨ ਵੀ ਬਜ਼ੁਰਗਾਂ ਦੀ ਰਾਖੀ ਲਈ ਮੈਦਾਨ ਵਿਚ ਆ ਗਿਆ ਹੈ। ਭਾਰਤ ਵਿਚ ਮੇਂਟੇਨੈਂਸ ਐਂਡ ਵੈਲਫ਼ੇਅਰ ਆਫ਼ ਸੀਨੀਅਰ ਸਿਟੀਜ਼ਨਜ਼ ਐਕਟ, 2007 ਅਧੀਨ ਬੱਚਿਆਂ ਅਤੇ ਰਿਸ਼ਤੇਦਾਰਾਂ ਲਈ ਲਾਜ਼ਮੀ ਬਣਾਇਆ ਗਿਆ ਹੈ ਕਿ ਉਹ ਬਜ਼ੁਰਗਾਂ ਨੂੰ ਚੰਗਾ ਸਤਿਕਾਰ ਵਾਲਾ ਅਤੇ ਆਮ ਵਰਗਾ ਜੀਵਨ ਜਿਊਣ ਲਈ ਹਰ ਸੰਭਵ ਸਹਾਇਤਾ ਦੇਣ। ਜਿਹੜੇ ਬਜ਼ੁਰਗ ਆਪ ਕਮਾਈ ਕਰਨ ਦੀ ਹਾਲਤ ਵਿਚ ਨਹੀਂ ਰਹੇ, ਉਹ ਟਰੀਬਿਊਨਲ ਕੋਲ ਦਰਖ਼ਾਸਤ ਦੇ ਕੇ, ਬੱਚਿਆਂ ਅਤੇ ਰਿਸ਼ਤੇਦਾਰਾਂ ਕੋਲੋਂ ਗੁਜ਼ਾਰਾ ਭੱਤਾ ਮੰਗ ਸਕਦੇ ਹਨ। ਟਰੀਬਿਊਨਲ ਅਪਣੇ ਆਪ ਵੀ, ਪਤਾ ਲੱਗਣ ਤੇ, ਕੋਈ ਮਾਮਲਾ ਹੱਥ ਵਿਚ ਲੈ ਸਕਦਾ ਹੈ ਤੇ ਕਾਰਵਾਈ ਸ਼ੁਰੂ ਕਰ ਸਕਦਾ ਹੈ। ਐਕਟ ਵਿਚ ਇਹ ਵੀ ਦਰਜ ਹੈ ਕਿ ਸਰਕਾਰ ਵੀ ਅਜਿਹੇ ਬਜ਼ੁਰਗਾਂ ਦੀ ਦੇਖ ਰੇਖ ਵਲ ਧਿਆਨ ਦੇਵੇ। ਪਰ ਹੁਣ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਹ ਕਾਨੂੰਨ ਕਾਫ਼ੀ ਨਹੀਂ ਤੇ ਬਜ਼ੁਰਗਾਂ ਨੂੰ ਚੰਗੀ ਪੈਨਸ਼ਨ, ਸਿਹਤ ਖ਼ਰਚ ਤੇ ਸਸਤੇ ਮਕਾਨਾਂ ਸਮੇਤ, ਕਈ ਕੁੱਝ ਹੋਰ ਦੇਣਾ ਪਵੇਗਾ ਜਿਸ ਦੇ ਸਹਾਰੇ ਉਹ ਜੀਵਨ ਦਾ ਅੰਤਮ ਸਫ਼ਰ, ਅਣਖ ਤੇ ਇੱਜ਼ਤ ਨਾਲ ਬਿਤਾ ਸਕਣ ਤੇ ਆਖ਼ਰੀ ਦੌਰ ਵਿਚ, ਹੱਥ ਅੱਡਣ ਲਈ ਹੀ ਮਜਬੂਰ ਨਾ ਹੋਏ ਫਿਰਿਆ ਕਰਨ।

ਦੁਨੀਆਂ ਭਰ ਵਿਚ ਬਜ਼ੁਰਗਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਭਾਰਤ ਬਾਰੇ ਹੁਣ ਤਕ ਇਕੱਤਰ ਕੀਤੇ ਗਏ ਅੰਕੜਿਆਂ ਅਨੁਸਾਰ, 60 ਸਾਲ ਤੋਂ ਉਪਰ ਦੇ ਬਜ਼ੁਰਗਾਂ ਦੀ ਗਿਣਤੀ, 25 ਸਾਲਾਂ ਬਾਅਦ, ਇਕ ਅਰਬ 77 ਕਰੋੜ ਹੋ ਜਾਏਗੀ ਅਤੇ 2050 ਤਕ ਤਿੰਨ ਅਰਬ 24 ਕਰੋੜ ਹੋ ਜਾਏਗੀ। ਏਨੀ ਜ਼ਿਆਦਾ ਵੱਸੋਂ ਜੇ ਆਰਥਕ ਤੇ ਹੋਰ ਪੱਖੋਂ ਲਾਚਾਰ, ਗ਼ਰੀਬ ਤੇ ਬੇਸਹਾਰਾ ਹੋ ਕੇ ਜੀਅ ਰਹੀ ਹੋਵੇ ਤਾਂ ਸਮਝੋ ਸਾਰਾ ਦੇਸ਼ ਹੀ ਮਾੜੀ ਹਾਲਤ ਵਿਚ ਹੈ ਤੇ ਦੇਸ਼ ਦੀ ਔਸਤ ਹਾਲਤ ਬਹੁਤ ਮਾੜਾ ਪ੍ਰਭਾਵ ਹੀ ਦੇਵੇਗੀ। ਇਸ ਲਈ ਬਜ਼ੁਰਗਾਂ ਦੀ ਨਵੀਂ ਉਭਰ ਰਹੀ ਬਹੁਗਿਣਤੀ ਨੂੰ ਖ਼ੁਸ਼ ਅਤੇ ਖ਼ੁਸ਼ਹਾਲ ਰੱਖਣ ਵਿਚ ਹੀ ਦੇਸ਼ ਦਾ ਭਲਾ ਹੈ ਤੇ ਇਸ ਪਾਸੇ ਵਿਸ਼ੇਸ਼ ਉਪਰਾਲੇ ਕਰਨੇ ਬਣਦੇ ਹਨ।

ਦੁਨੀਆਂ ਭਰ ਦੀ ਗੱਲ ਕਰੀਏ ਤਾਂ 2050 ਤਕ, ਦੁਨੀਆਂ ਭਰ ਵਿਚ ਜਿੰਨੀ ਵੱਸੋਂ ਨੌਜੁਆਨਾਂ ਦੀ ਹੋਵੇਗੀ, ਉਸ ਤੋਂ ਵੱਧ ਵੱਸੋਂ ਬਜ਼ੁਰਗਾਂ ਦੀ ਹੋਵੇਗੀ। ਪਿਛਲੀਆਂ ਸਦੀਆਂ ਵਿਚ ਹਾਲਤ ਐਨ ਉਲਟ ਸੀ। ਇਸ ਨਵੇਂ 'ਬਜ਼ੁਰਗ ਬਹੁਗਿਣਤੀ ਵਾਲੇ ਯੁਗ' ਦੀਆਂ ਵਿਸ਼ੇਸ਼ ਸਮੱਸਿਆਵਾਂ ਨਾਲ ਨਿਪਟਣ ਲਈ, ਦੁਨੀਆਂ ਭਰ ਵਿਚ ਚਰਚਾ ਛਿੜ ਪਈ ਹੈ ਤੇ ਹਮੇਸ਼ਾ ਵਾਂਗ, ਗੋਰੀ ਨਸਲ, ਇਨ੍ਹਾਂ ਦਾ ਹਲ ਲੱਭਣ ਦੇ ਮਾਮਲੇ ਵਿਚ, ਦੂਜੀਆਂ ਕੌਮਾਂ ਨਾਲੋਂ ਕਾਫ਼ੀ ਅੱਗੇ ਹੈ। ਦੂਜੀਆਂ ਕੌਮਾਂ ਨੂੰ ਵੀ ਸਰਗਰਮ ਹੋ ਜਾਣਾ ਚਾਹੀਦਾ ਹੈ।